**ਨਿਊਜ਼** ਰਿਲੀਜ਼

# ਐਲਬਰਟਾ ਦੇ ਕੌਵਿਡ-19 ਵੈਕਸੀਨ ਲਗਾਉਣ ਦੇ ਪ੍ਰੋਗਰਾਮ ਦਾ ਵਿਸਤਾਰ

19 ਫਰਵਰੀ, 2021

## ਐਲਬਰਟਾ ਦੀ ਵੈਕਸੀਨ ਲਗਾਉਣ ਦੀ ਰਣਨੀਤੀ ਦੇ ਫੇਜ਼ 2 ਤਹਿਤ ਇਸ ਬਹਾਰ ਰੁੱਤੇ 1.79 ਮਿਲੀਅਨ ਤੋਂ ਵਧੇਰੇ ਐਲਬਰਟਾ ਨਿਵਾਸੀ ਕੌਵਿਡ-19 ਵੈਕਸੀਨ ਲਗਵਾ ਲੈਣਗੇ।

ਫੇਜ਼ 2 'ਚ ਵੈਕਸੀਨੇਸ਼ਨ ਪੜਾਅ-ਦਰ-ਪੜਾਅ ਪਹੁੰਚ ਅਨੁਸਾਰ ਲਗਾਇਆ ਜਾਵੇਗਾ ਅਤੇ ਜਦੋਂ ਉਹ ਪੜਾਅ ਪੂਰੇ ਹੋ ਗਏ, ਤਾਂ ਹਰੇਕ ਵਿਅਕਤੀ ਜੋ 50 ਤੋਂ 74 ਸਾਲ ਦੀ ਉਮਰ ਦਾ ਹੋਵੇਗਾ ਉਸਨੂੰ, ਹਰੇਕ ਵਿਅਕਤੀ ਜੋ ਉੱਚ-ਖਤਰੇ ਵਾਲੀਆਂ ਸਿਹਤ ਸਮੱਸਿਆਵਾਂ ਵਾਲਾ ਹੋਵੇਗਾ ਉਸਨੂੰ, ਫਸਟ ਨੇਸ਼ਨ ਅਤੇ ਮੈਟਿਸ ਲੋਕ ਜੋ 35 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਹੋਣਗੇ ਉਨ੍ਹਾਂ ਨੂੰ, ਸਮੂਹਿਕ ਰਿਹਾਇਸ਼ ਵਾਲੀਆਂ ਥਾਵਾਂ ਵਿਚਲੇ ਵਸਨੀਕਾਂ ਅਤੇ ਸਟਾਫ ਨੂੰ ਅਤੇ ਯੋਗ ਬਣਦੇ ਸਿਹਤ ਸੰਭਾਲ ਪ੍ਰਦਾਨਕਰਤਿਆਂ ਨੂੰ ਵੈਕਸੀਨ ਲੱਗ ਚੁੱਕਿਆ ਹੋਵੇਗਾ।

ਵੈਕਸੀਨ ਦੀ ਸਪਲਾਈ 'ਤੇ ਨਿਰਭਰ ਕਰਦਿਆਂ ਫੇਜ਼ 2 ਅਪਰੈਲ 'ਚ ਸ਼ੁਰੂ ਕਰਨ ਦਾ ਨਿਸ਼ਾਨਾਂ ਹੈ

"ਐਲਬਰਟਾ ਦੇ ਵੈਕਸੀਨ ਲਗਾਉਣ ਦੇ ਪ੍ਰੋਗਰਾਮ ਨੇ ਹਮੇਸ਼ਾਂ ਉਨ੍ਹਾਂ ਲੋਕਾਂ ਨੂੰ ਤਰਜੀਹ ਦਿੱਤੀ ਹੈ ਜਿੰਨ੍ਹਾਂ ਨੂੰ ਕੌਵਿਡ-19 ਦਾ ਸਭ ਤੋਂ ਵੱਧ ਖਤਰਾ ਸੀ ਅਤੇ ਫੇਜ਼ 2 ਕੋਈ ਇਸ ਤੋਂ ਵੱਖਰਾ ਨਹੀਂ ਹੈ। ਅਸੀਂ ਖਤਰੇ ਵਾਲੇ ਐਲਬਰਟਾ ਨਿਵਾਸੀਆਂ ਦੀ ਪਛਾਣ ਕਰਨ ਲਈ ਜਨਤਕ ਸਿਹਤ ਮਾਹਰਾਂ ਅਤੇ ਆਪਣੀ ਵੈਕਸੀਨ ਟਾਸਕ ਫੋਰਸ ਦੀ ਸਲਾਹ ਨੂੰ ਸੁਣਿਆ ਹੈ। ਜਿਸ ਸਮੇਂ ਤੱਕ ਫੇਜ਼ 2 ਪੂਰਾ ਹੋਵੇਗਾ, 1.79 ਮਿਲੀਅਨ ਤੋਂ ਜ਼ਿਆਦਾ ਐਲਬਰਟਾ ਨਿਵਾਸੀਆਂ ਨੂੰ ਕੌਵਿਡ-19 ਵੈਕਸੀਨ ਲੱਗ ਚੁੱਕਿਆ ਹੋਵੇਗਾ ਅਤੇ ਅਸੀਂ ਆਮ ਜਨਤਾ ਨੂੰ ਵੈਕਸੀਨ ਲਗਾਉਣ ਲਈ ਅਗਾਂਹ ਚੱਲਣ ਦੇ ਯੋਗ ਹੋ ਜਾਵਾਂਗੇ। ਸਾਡਾ ਸੂਬਾ ਜਿੰਨੀ ਛੇਤੀ ਸੰਭਵ ਹੋ ਸਕੇ ਐਲਬਰਟਾ ਨਿਵਾਸੀਆਂ ਦੀਆਂ ਬਾਹਵਾਂ 'ਚ ਵੈਕਸੀਨ ਲਗਾਉਣ ਲਈ ਤਿਆਰ ਹੈ। ਫਿਰ ਵੀ, ਇਹ ਐਲਬਰਟਾ ਵੱਲੋਂ ਔਟਵਾ ਤੋਂ ਵੈਕਸੀਨਾਂ ਦੀ ਸਹੀ ਸਪਲਾਈ ਸਮੇਂ ਸਿਰ ਪ੍ਰਾਪਤ ਕਰ ਸਕਣ 'ਤੇ ਨਿਰਭਰ ਕਰਦਾ ਹੈ। ਅਸੀਂ ਫੈਡਰਲ ਸਰਕਾਰ ਨੂੰ ਦੇਰੀ ਖਤਮ ਕਰਨ ਲਈ ਆਖਦੇ ਹਾਂ ਤਾਂ ਕਿ ਅਸੀਂ ਇਹ ਕੰਮ ਪੂਰਾ ਕਰ ਸਕੀਏ।"

*Jason Kenney, ਪ੍ਰੀਮੀਅਰ*

"ਐਲਬਰਟਾ ਦਾ ਵੈਕਸੀਨ ਲਗਾਉਣ ਦਾ ਪ੍ਰੋਗਰਾਮ ਉੱਤਮ ਪ੍ਰੋਗਰਾਮਾਂ 'ਚੋਂ ਇਕ ਹੈ ਅਤੇ ਜਿਵੇਂ ਸਾਨੂੰ ਵਧੇਰੇ ਸਪਲਾਈ ਮਿਲਦੀ ਹੈ, ਅਸੀਂ ਇਸ ਨੂੰ ਚੰਗੇਰਾ ਬਣਾਉਣਾ ਜਾਰੀ ਰੱਖਾਂਗੇ। ਜਿੰਨੇ ਵਧੇਰੇ ਵੈਕਸੀਨ ਐਲਬਰਟਾ 'ਚ ਪੁੱਜਣਗੇ ਉਨੀ ਹੀ ਤੇਜ਼ੀ ਨਾਲ ਅਸੀਂ ਫੇਜ਼ 2 'ਚ ਪਹੁੰਚ ਸਕਾਂਗੇ ਅਤੇ ਬਹੁਤ ਸਾਰੇ ਹੋਰ ਐਲਬਰਟਾ ਨਿਵਾਸੀਆਂ ਨੂੰ ਟੀਕੇ ਲਾਉਣੇ ਸ਼ੁਰੂ ਕਰ ਸਕਾਂਗੇ। ਮਹਾਂਮਾਰੀ ਖਤਮ ਨਹੀਂ ਹੋਈ, ਪਰੰਤੂ ਅਸੀਂ ਲਗਾਤਾਰ ਇਸ ਵਿਰੁੱਧ ਆਪਣੀ ਸੁਰੱਖਿਆ ਬਣਾਈ ਜਾ ਰਹੇ ਹਾਂ।"

*Tyler Shandro, ਮਿਨਿਸਟਰ ਆਫ ਹੈਲਥ*

ਫੇਜ਼ 2 'ਚ ਯੋਗਤਾ ਗਰੁੱਪ ਏ ਤੋਂ ਗਰੁੱਪ ਡੀ ਵੱਲ ਨੂੰ ਜਾਵੇਗੀ:

- ਗਰੁੱਪ ਏ 'ਚ ਸ਼ਾਮਲ ਹਨ:
  - 65 ਤੋਂ 74 ਸਾਲ ਦੀ ਉਮਰ ਦੇ ਐਲਬਰਟਾ ਨਿਵਾਸੀ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ।
  - 50 ਤੋਂ 64 ਸਾਲ ਦੀ ਉਮਰ ਦੇ ਫਸਟ ਨੇਸ਼ਨਜ਼ ਅਤੇ ਮੈਟਿਸ ਲੋਕ, ਭਾਵੇਂ ਉਹ ਰਿਜ਼ਰਵ ਜਾਂ ਮੈਟਿਸ ਸੈਟਲਮੈਂਟਾਂ 'ਤੇ ਰਹਿੰਦੇ ਹਨ ਜਾਂ ਨਹੀਂ ਰਹਿੰਦੇ ।
  - ਲਾਇਸੈਂਸਸ਼ੁਦਾ ਮਦਦਗਾਰੀ ਰਿਹਾਇਸ਼ੀ ਫੈਸਿਲਿਟੀਆਂ ਦਾ ਸਟਾਫ ਜਿਹੜਾ ਫੇਜ਼ 1 'ਚ ਸ਼ਾਮਲ ਨਹੀਂ।
- ਗਰੁੱਪ ਬੀ 'ਚ ਸ਼ਾਮਲ ਹਨ:
  - ਉੱਚ ਖਤਰੇ ਵਾਲੀਆਂ ਸਿਹਤ ਸਮੱਸਿਆਵਾਂ ਵਾਲੇ 18 ਤੋਂ 64 ਸਾਲ ਦੀ ਉਮਰ ਦੇ ਐਲਬਰਟਾ ਨਿਵਾਸੀ। ਖਾਸ ਹਾਲਤਾਂ ਬਾਰੇ ਵਧੀਕ ਜਾਣਕਾਰੀ ਫੇਜ਼ 2 ਦੇ ਸ਼ੁਰੂ ਹੋਣ ਤੋਂ ਪਹਿਲਾਂ ਮੁਹੱਈਆ ਕੀਤੀ ਜਾਵੇਗੀ।

- ਗਰੁੱਪ ਸੀ 'ਚ ਸ਼ਾਮਲ ਹਨ:
  - ਸਮੂਹਿਕ ਰਿਹਾਇਸ਼ ਵਾਲੀਆਂ ਯੋਗ ਥਾਵਾਂ ਦੇ ਨਿਵਾਸੀ ਅਤੇ ਸਟਾਫ। ਇਸ 'ਚ ਸ਼ਾਮਲ ਹਨ ਕੁਰੈਕਸ਼ਨ ਫੈਸਿਲਿਟੀਆਂ, ਬੇਘਰਿਆਂ ਦੇ ਸ਼ੈਲਟਰ ਅਤੇ ਗਰੁੱਪ ਹੋਮ ਜਿੰਨ੍ਹਾਂ 'ਚ ਡਿਸਏਬਿਲਿਟੀ, ਮੈਂਟਲ ਹੈਲਥ ਅਤੇ ਹੋਰ ਪ੍ਰਕਾਰ ਦੀਆਂ ਲਾਇਸੈਂਸਸ਼ੁਦਾ ਮਦਦਗਾਰੀ ਰਿਹਾਇਸ਼ਾਂ ਸ਼ਾਮਲ ਹਨ।
  - ਸਿਹਤ ਸੰਭਾਲ ਵਰਕਰ ਜਿਹੜੇ ਸਿੱਧੇ ਅਤੇ ਗੰਭੀਰ ਬੀਮਾਰੀ ਵਾਲੇ ਮਰੀਜ਼ਾਂ ਨੂੰ ਸਿਹਤ ਸੰਭਾਲ ਪ੍ਰਦਾਨ ਕਰਦੇ ਹਨ, ਜਿੰਨ੍ਹਾਂ ਤੋਂ ਉੱਚ ਖਤਰੇ ਵਾਲੇ ਵਿਅਕਤੀਆਂ ਤੱਕ ਬੀਮਾਰੀ ਫੈਲਾਉਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ।
  - ਉਨ੍ਹਾਂ ਐਲਬਰਟਾ ਨਿਵਾਸੀਆਂ ਦੇ ਸਿਹਤ ਸੰਭਾਲ ਪ੍ਰਦਾਨਕਰਤਾ ਜਿਹੜੇ ਨਿਵਾਸੀਆਂ ਨੂੰ ਗੰਭੀਰ ਨਤੀਜਿਆਂ ਦਾ ਬਹੁਤ ਖਤਰਾ ਹੈ।
- ਗਰੁੱਪ ਡੀ 'ਚ ਸ਼ਾਮਲ ਹਨ:
  - 50 ਤੋਂ 64 ਸਾਲ ਦੀ ਉਮਰ ਦੇ ਐਲਬਰਟਾ ਨਿਵਾਸੀ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ।
  - 35 ਤੋਂ 49 ਸਾਲ ਦੀ ਉਮਰ ਦੇ ਫਸਟ ਨੇਸ਼ਨਜ਼ ਅਤੇ ਮੈਟਿਸ ਲੋਕ, ਭਾਵੇਂ ਉਹ ਰਿਜ਼ਰਵ ਜਾਂ ਮੈਟਿਸ ਸੈਟਲਮੈਂਟਾਂ 'ਤੇ ਰਹਿੰਦੇ ਹਨ ਜਾਂ ਨਹੀਂ ਰਹਿੰਦੇ।
  - ਵਿਸਥਾਰ ਸਹਿਤ ਜਾਣਕਾਰੀ, ਕਿ ਯੋਗ ਐਲਬਰਟਾ ਨਿਵਾਸੀ ਵੈਕਸੀਨ ਕਿਵੇਂ ਲਗਵਾ ਸਕਣਗੇ, ਫੇਜ਼ 2 ਦੇ ਹਰੇਕ ਪੜਾਅ ਤੋਂ ਪਹਿਲਾਂ ਜਾਰੀ ਕੀਤੀ ਜਾਇਆ ਕਰੇਗੀ। ਹਰੇਕ ਫੇਜ਼ ਦੇ ਸ਼ੁਰੂ ਹੋਣ ਦੀ ਸਮਾਂ-ਸੂਚੀ ਵੈਕਸੀਨ ਦੀ ਸਪਲਾਈ ਅਤੇ ਉਪਲਬਧਤਾ 'ਤੇ ਨਿਰਭਰ ਕਰਦੀ ਹੈ। ਸੂਬੇ ਨੂੰ ਵੈਕਸੀਨ ਪਹੁੰਚਾਉਣ ਵਾਸਤੇ ਐਲਬਰਟਾ ਫੈਡਰਲ ਸਰਕਾਰ 'ਤੇ ਨਿਰਭਰ ਕਰਦਾ ਹੈ।
  - ਹੋਰ ਸਾਰੇ ਗਰੁੱਪਾਂ ਦੀ ਤਰਤੀਬ ਮਿਥਣ ਦਾ ਕੰਮ ਚੱਲ ਰਿਹਾ ਹੈ।
  - ਵੈਕਸੀਨ ਲੱਗ ਜਾਣ ਵਾਲੇ ਸਾਰੇ ਵਿਅਕਤੀਆਂ ਤੋਂ ਸਿਹਤ ਸਬੰਧੀ ਗਾਈਡਲਾਈਨਾਂ ਅਤੇ ਮਨਾਹੀਆਂ 'ਤੇ ਅਮਲ ਕਰਨਾਂ ਜਾਰੀ ਰੱਖਣ ਦੀ ਆਸ ਕੀਤੀ ਜਾਂਦੀ ਹੈ।
  - ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਆਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੌਂਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।

# ਸਬੰਧਤ ਜਾਣਕਾਰੀ

- COVID-19 vaccine in Alberta

# ਮਲਟੀਮੀਡੀਆ

- Watch the news conference
- View the event photos (ਈਵੈਂਟ ਮਗਰੋਂ ਉਪਲਬਧ ਹੋਣਗੀਆਂ)

# ਮੀਡੀਆ ਇੰਨਕੁਆਰੀਆਂ

Jerrica Goodwin
587-988-3278
Press Secretary, Office of the Premier
Tom McMillan
780-422-4905
Assistant Director of Communications, Health

ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: *https://www.alberta.ca/covid-19-translated-resources.aspx*